Punjabi

ਘਰ ਨੂੰ ਅੱਗ ਤੋਂ ਸੁਰੱਖਿਆ

ਘਰ ਵਿੱਚ ਅੱਗਾਂ ਤੋਂ ਬਚਾਅ ਕਰਨ ਲਈ ਸੁਝਾਅ

FIRE RESCUE VICTORIA

CFA

ਅੱਗ ਤੋਂ ਸੁਰੱਖਿਆ ਘਰ ਤੋਂ ਸ਼ੁਰੂ ਹੁੰਦੀ ਹੈ

ਤੁਹਾਡੇ ਘਰ ਵਿੱਚ ਅੱਗ ਤਬਾਹੀ ਵਾਲੀ, ਅਤੇ ਜਾਨਲੇਵਾ ਵੀ ਹੋ ਸਕਦੀ ਹੈ। ਅੱਗ ਇਕ ਵਾਰ ਸ਼ੁਰੂ ਹੋ ਜਾਵੇ ਤਾਂ ਇਹ ਬੜੀ ਜਲਦੀ ਫੈਲ ਸਕਦੀ ਹੈ ਅਤੇ ਤੁਹਾਨੂੰ ਤੇ ਤੁਹਾਡੇ ਪਿਆਰਿਆਂ ਨੂੰ ਖਤਰੇ ਵਿੱਚ ਪਾ ਸਕਦੀ ਹੈ। ਭਾਂਵੇਂ ਕਿ ਅੱਗ ਦੇ ਖਤਰੇ ਬਹੁਤ ਸੱਚੇ ਹਨ, ਇੱਥੇ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਤੁਸੀਂ ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਅਤੇ ਆਪਣੇ ਘਰ ਨੂੰ ਬਚਾਉਣ ਲਈ ਕਰ ਸਕਦੇ ਹੋ।

ਵਿਕਟੋਰੀਅਨ ਫਾਇਰ ਐਂਡ ਰੈਸਕਿਊ ਸਰਵਿਸਜ਼ ਘਰੇਲੂ ਅੱਗ ਤੋਂ ਸੁਰੱਖਿਆ ਦੀਆਂ ਰਣਨੀਤੀਆਂ ਅਤੇ ਜਾਣਕਾਰੀ ਵਿਕਟੋਰੀਆ ਵਾਸੀਆਂ ਦੇ ਨਾਲ ਸਾਂਝੀ ਕਰਕੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਨ।

ਛੋਟੇ ਬੱਚੇ, ਬਜ਼ੁਰਗ, ਅਪਾਹਜਤਾ ਵਾਲੇ ਲੋਕ ਅਤੇ ਸਿਗਰਟ ਪੀਣ ਵਾਲੇ ਲੋਕ ਆਪਣੇ ਘਰਾਂ ਦੇ ਵਿੱਚ ਜ਼ਖਮੀ ਹੋ ਜਾਣ ਜਾਂ ਅੱਗ ਤੋਂ ਨਾ ਬੱਚ ਸਕਣ ਦੇ ਵੱਡੇ ਖਤਰੇ ਵਿੱਚ ਹਨ।

ਇਸ ਕਿਤਾਬਚੇ ਵਿੱਚਲੀ ਸਲਾਹ ਤੁਹਾਨੂੰ ਇਹ ਸਿੱਖਣ ਵਿੱਚ ਸਹਾਇਤਾ ਕਰੇਗੀ ਕਿ ਤੁਸੀਂ ਘਰੇਲੂ ਅੱਗਾਂ ਨੂੰ ਕਿਵੇਂ ਰੋਕ ਸਕਦੇ ਹੋ ਅਤੇ ਆਪਣੇ ਆਪ ਨੂੰ ਤੇ ਆਪਣੇ ਪਿਆਰਿਆਂ ਨੂੰ ਕਿਵੇਂ ਸੁਰੱਖਿਅਤ ਰੱਖ ਸਕਦੇ ਹੋ। ਆਪਣੇ ਘਰ ਨੂੰ ਅੱਗ ਤੋਂ ਸੁਰੱਖਿਅਤ ਬਨਾਉਣਾ ਅਤੇ ਇਹ ਜਾਨਣਾ ਕਿ ਅੱਗ ਲੱਗਣ ਦੀ ਹਾਲਤ ਵਿੱਚ ਕੀ ਕਰਨਾ ਹੈ, ਜਿੰਦਗੀ ਅਤੇ ਮੌਤ ਦੇ ਵਿੱਚਲਾ ਫਰਕ ਹੋ ਸਕਦਾ ਹੈ।

ਇਸ ਚਿੰਨ੍ਹ ਦਾ ਧਿਆਨ ਰੱਖੋ ਜੋ ਕਿ ਮਹੱਤਵਪੂਰਣ ਸੁਰੱਖਿਆ ਸੁਨੇਹੇ ਜਾਂ ਸੁਝਾਅ ਉਪਰ ਚਾਨਣ ਪਾਉਂਦਾ ਹੈ। !



ਹੈਲੋ, ਮੈਂ ਫਰੈਂਕੀ ਹਾਂ, ਅੱਗ ਤੋਂ ਸੁਰੱਖਿਆ ਵਾਸਤੇ ਇਹ ਮੇਰੇ ਸੁਝਾਅ ਹਨ:

- ਕੰਮ ਕਰਦਾ ਹੋਇਆ ਧੂੰਏਂ ਵਾਲਾ ਅਲਾਰਮ ਲਗਾਓ ਅਤੇ ਇਸ ਨੂੰ ਬਾਕਾਇਦਾ ਜਾਂਚੋ।
- ਘਰ ਵਿੱਚ ਅੱਗ ਦੇ ਖਤਰੇ ਵਾਲੀਆਂ ਚੀਜ਼ਾਂ ਨੂੰ ਲੱਭੋ।
- ਘਰੇਲੂ ਅੱਗ ਤੋਂ ਬੱਚ ਕੇ ਨਿਕਲਣ ਦੀ ਯੋਜਨਾ ਬਣਾਓ ਅਤੇ ਇਸ ਦਾ ਬਾਕਾਇਦਾ ਅਭਿਆਸ ਕਰੋ।
- ਜੇਕਰ ਤੁਹਾਡੇ ਘਰ ਵਿੱਚ ਅੱਗ ਲੱਗਦੀ ਹੈ, ਬਾਹਰ ਨਿਕਲ ਜਾਓ, ਬਾਹਰ ਰਹੋ ਅਤੇ ਤਿੰਨ ਸਿਫ਼ਰਾਂ (000) ਨੂੰ ਫੋਨ ਕਰੋ।

ਅੱਗਾਂ ਬਹੁਤ ਤੇਜ਼ ਹੁੰਦੀਆਂ ਹਨ!

30 ਸੈਕਿੰਡ

ਹੁਣ ਤੱਕ, ਧੂੰਏਂ ਵਾਲੇ ਅਲਾਰਮਾਂ ਨੇ ਅੱਗ ਦਾ ਪਤਾ ਲਗਾ ਲਿਆ ਹੋਵੇਗਾ ਅਤੇ ਤੁਹਾਡੇ ਪਰਿਵਾਰ ਨੂੰ ਸਾਵਧਾਨ ਕਰ ਦਿੱਤਾ ਹੋਵੇਗਾ।

60 ਸੈਕਿੰਡ

ਚੇਤਵਾਨੀ ਤੋਂ ਬਿਨਾਂ, ਅੱਗ ਅੱਗੇ ਵਧਦੀ ਜਾਵੇਗੀ। ਇਹ ਪਕੜ ਬਣਾ ਲਵੇਗੀ, ਜ਼ਹਿਰੀਲਾ ਧੂੰਆਂ ਛੱਡੇਗੀ।

3 ਮਿੰਟ

ਅੱਗ 800 ਡਿਗਰੀ ਸੈਲਸੀਅਸ ਤੋਂ ਵੀ ਉਪਰ ਪਹੁੰਚ ਜਾਵੇਗੀ। ਕਮਰੇ ਵਿੱਚਲੀਆਂ ਸਾਰੀਆਂ ਚੀਜ਼ਾਂ ਨੂੰ ਅੱਗ ਲੱਗ ਜਾਵੇਗੀ ਅਤੇ ਇਹ ਘਰ ਦੇ ਦੂਸਰੇ ਕਮਰਿਆਂ ਵਿੱਚ ਫੈਲ ਜਾਵੇਗੀ।

ਫੋਟੋਆਂ ਟੀ ਐਫ਼ ਐਸ (ਤਸਮਾਨੀਆ ਫਾਇਰ ਸਰਵਿਸ) ਦੀ ਕਿਰਪਾ ਨਾਲ

ਧੂੰਏਂ ਵਾਲੇ ਅਲਾਰਮ

ਸਿਰਫ਼ ਕੰਮ ਕਰਦੇ ਹੋਏ ਧੂੰਏਂ ਵਾਲੇ ਅਲਾਰਮ ਹੀ ਜਿੰਦਗੀਆਂ ਬਚਾਅ ਸਕਦੇ ਹਨ।

ਬਿਨਾਂ ਕੰਮ ਕਰਦੇ ਹੋਏ ਧੂੰਏਂ ਵਾਲੇ ਅਲਾਰਮ ਕਰਕੇ ਰਿਹਾਇਸ਼ੀ ਅੱਗ ਵਿੱਚ ਤੁਹਾਡੇ ਮਰਨ ਦੀ ਸੰਭਾਵਨਾ ਜ਼ਿਆਦਾ ਹੈ।

ਕੰਮ ਕਰਦਾ ਹੋਇਆ ਧੂੰਏਂ ਵਾਲਾ ਅਲਾਰਮ ਤੁਹਾਨੂੰ ਅੱਗ ਤੋਂ ਜਲਦੀ ਸਾਵਧਾਨ ਕਰ ਦਿੰਦਾ ਹੈ ਅਤੇ ਸੁਰੱਖਿਅਤ ਨਿਕਲਣ ਦਾ ਸਮਾਂ ਦਿੰਦਾ ਹੈ। ਆਪਣੇ ਘਰ ਦੀ ਹਰ ਛੱਤ ਤੇ ਘੱਟੋ ਘੱਟ ਇਕ ਧੂੰਏਂ ਵਾਲਾ ਅਲਾਰਮ ਜ਼ਰੂਰ ਲਗਵਾਓ।

ਧੂੰਏਂ ਵਾਲੇ ਅਲਾਰਮਾਂ ਬਾਰੇ ਵਧੇਰੇ ਜਾਣਕਾਰੀ ਲਈ ਇੱਥੇ ਜਾਓ frv.vic.gov.au ਅਤੇ cfa.vic.gov.au

ਬਜ਼ੁਰਗ ਲੋਕਾਂ ਜਾਂ ਅਪੰਗਤਾਵਾਂ ਵਾਲੇ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਕੁਝ ਨਿੱਜੀ ਅਲਾਰਮ ਸੇਵਾਵਾਂ ਵਿੱਚ ਧੂੰਏਂ ਵਾਲੇ ਅਲਾਰਮਾਂ ਦੇ ਲਿੰਕ ਸ਼ਾਮਲ ਹੋ ਸਕਦੇ ਹਨ। ਤੁਹਾਡੇ ਸੇਵਾ ਪ੍ਰਦਾਨ ਕਰਨ ਵਾਲੇ ਕੋਲੋਂ ਇਸ ਨੂੰ ਜਾਂਚਣ ਦੀ ਲੋੜ ਹੋਵੇਗੀ। ਵਿਸ਼ੇਸ਼ ਧੂੰਏਂ ਦੇ ਅਲਾਰਮ ਉਹਨਾਂ ਲੋਕਾਂ ਵਾਸਤੇ ਉਪਲਬਧ ਹਨ ਜੋ ਬੋਲ਼ੇ ਹਨ ਜਾਂ ਸੁਣਨ ਵਿੱਚ ਮੁਸ਼ਕਿਲਾਂ ਹਨ। ਵਧੇਰੇ ਜਾਣਕਾਰੀ ਵਾਸਤੇ expression.com.au ਉੱਤੇ ਜਾਓ

ਭੈਭੀਤ ਨਾ ਹੋਵੋ, ਮੇਰੇ ਸੁਝਾਵਾਂ ਦੀ ਪਾਲਣਾ ਕਰੋ:



- ਜੇਕਰ ਤੁਹਾਡੇ ਕੋਲ 9-ਵੋਲਟ ਬੈਟਰੀ ਵਾਲਾ ਧੂੰਏਂ ਵਾਲੇ ਅਲਾਰਮ ਹੈ, ਬੈਟਰੀ ਨੂੰ ਹਰ ਸਾਲ ਬਦਲੋ।
- ਆਪਣੇ ਧੂੰਏਂ ਵਾਲੇ ਅਲਾਰਮ ਦੇ ਬਾਹਰੋਂ ਘੱਟੋ ਘੱਟ ਸਾਲ ਵਿੱਚ ਇਕ ਵਾਰ ਮਿੱਟੀ ਝਾੜੋ।
- ਜੇਕਰ ਤੁਹਾਡਾ ਧੂੰਏਂ ਵਾਲੇ ਅਲਾਰਮ ਇਸ਼ਾਰਾ ਦਿੰਦਾ ਹੈ, ਕਦੀ ਕਦਾਈਂ ਬੀਪ ਕਰਦਾ ਹੈ, ਬੈਟਰੀ ਬਦਲਣ ਵਾਲੀ ਹੈ ਜਾਂ ਧੂੰਏਂ ਵਾਲੇ ਅਲਾਰਮ ਖਰਾਬ ਹੋ ਸਕਦਾ ਹੈ ਅਤੇ ਇਸ ਨੂੰ ਬਦਲਣਾ ਜ਼ਰੂਰੀ ਹੈ।

ਆਸਟ੍ਰੇਲੀਅਨ ਫਾਇਰ ਸਰਵਿਸਜ਼ ਸਾਰੇ ਰਹਿਣ ਵਾਲੇ ਖੇਤਰਾਂ, ਦਲਾਨਾਂ ਅਤੇ ਸੌਣ ਵਾਲੇ ਕਮਰਿਆਂ ਵਿੱਚ ਧੂੰਏਂ ਵਾਲੇ ਅਲਾਰਮ ਲਗਾਉਣ ਦੀ ਸਿਫਾਰਸ਼ ਕਰਦੀ ਹੈ।

10 ਸਾਲ-ਦੀ-ਜਿੰਦਗੀ ਵਾਲੀ ਬੈਟਰੀ ਵਾਲੇ ਧੂੰਏਂ ਵਾਲੇ ਅਲਾਰਮ ਲਗਾਓ।

ਵਿਕਟੋਰੀਅਨ ਫਾਇਰ ਐਂਡ ਰੈਸਕਿਊ ਸਰਵਿਸਜ਼ ਸਿਫਾਰਸ਼ ਕਰਦੀ ਹੈ ਕਿ ਧੂੰਏਂ ਵਾਲੇ ਅਲਾਰਮਾਂ ਨੂੰ ਇਕ ਦੂਸਰੇ ਦੇ ਨਾਲ ਜੁੜਿਆ ਹੋਣਾ ਚਾਹੀਦਾ ਹੈ ਤਾਂ ਜੋ ਜਦੋਂ ਇਕ ਅਲਾਰਮ ਵੱਜੇ ਤਾਂ ਸਾਰੇ ਧੂੰਏਂ ਵਾਲੇ ਅਲਾਰਮ ਨਾਲ ਵੱਜਣਗੇ।

ਜਦੋਂ ਤੁਸੀਂ ਸੁੱਤੇ ਹੁੰਦੇ ਹੋ, ਤੁਸੀਂ ਆਪਣੀ ਸੁੰਘਣ ਦੀ ਸ਼ਕਤੀ ਗੁਆ ਲੈਂਦੇ ਹੋ। ਜੇਕਰ ਅੱਗ ਤੋਂ ਧੂੰਆਂ ਨਿਕਲਿਆ ਤਾਂ ਕੰਮ ਕਰਦੇ ਹੋਏ ਧੂੰਏਂ ਵਾਲੇ ਅਲਾਰਮ ਤੁਹਾਨੂੰ ਸਾਵਧਾਨ ਕਰ ਦੇਣਗੇ।

ਜਾਂਚਣ ਲਈ, ਧੂੰਏਂ ਵਾਲੇ ਅਲਾਰਮ ਉਪਰਲੇ ਟੈਸਟ ਬਟਨ ਨੂੰ ਹਰ ਮਹੀਨੇ ਦੱਬੋ, ਅਤੇ ਬੀਪ! ਬੀਪ! ਬੀਪ! ਦੀ ਇੰਤਜ਼ਾਰ ਕਰੋ। ਜੇਕਰ ਇਹ ਬੋਲਦਾ ਹੈ ਤਾਂ ਇਸ ਦਾ ਅਰਥ ਹੈ ਕਿ ਤੁਹਾਡਾ ਧੂੰਏਂ ਵਾਲਾ ਅਲਾਰਮ ਅਜੇ ਕੰਮ ਕਰ ਰਿਹਾ ਹੈ।

ਲਿਥੀਅਮ ਬੈਟਰੀ ਯੂਨਿਟ ਵਾਲੇ ਧੂੰਏਂ ਦੇ ਅਲਾਰਮਾਂ ਨੂੰ ਹਰ 10 ਸਾਲਾਂ ਬਾਅਦ ਬਦਲ ਦਿਓ।

ਕੰਧ ਤੋਂ ਘੱਟੋ ਘੱਟ 30 ਸੈਂਟੀਮੀਟਰ ਛੱਡ ਕੇ ਘਰ ਦੀ ਹਰੇਕ ਛੱਤ ਉਪਰ ਲਗਾਓ।

ਘਰੇਲੂ ਅੱਗ ਤੋਂ ਨਿਕਲਣ ਦੀ ਯੋਜਨਾ

ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿਸ ਤਰ੍ਹਾਂ ਦੇ ਘਰ ਵਿੱਚ ਰਹਿ ਰਹੇ ਹੋ, ਤੁਹਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਅੱਗ ਲੱਗਣ ਦੀ ਸੂਰਤ ਵਿੱਚ ਕੀ ਕਰਨਾ ਹੈ।



ਜੇ ਤੁਸੀਂ ਅੱਗ ਵੇਖੋ, ਬਾਹਰ ਨਿਕਲ ਜਾਓ ਅਤੇ ਬਾਹਰ ਰਹੋ

- ਆਪਣੇ ਬਾਹਰ ਨਿਕਲਣ ਦੇ ਰਸਤੇ ਸਾਫ਼ ਰੱਖੋ।
- ਜਦੋਂ ਤੁਸੀਂ ਘਰ ਦੇ ਅੰਦਰ ਹੋਵੋ ਤਾਂ ਤਾਲਾ ਲੱਗੇ ਦਰਵਾਜ਼ਿਆਂ ਅਤੇ ਸੁਰੱਖਿਆ ਸਕਰੀਨਾਂ ਵਿੱਚ ਚਾਬੀਆਂ ਨੂੰ ਰਹਿਣ ਦੇਵੋ ਤਾਂ ਜੋ ਜੇ ਅੱਗ ਲੱਗ ਜਾਵੇ ਤਾਂ ਤੁਸੀਂ ਬਾਹਰ ਨਿਕਲ ਸਕੋ।

! ਸੰਕਟਮਈ ਸਥਿੱਤੀ ਵਿੱਚ ਘਰੇਲੂ ਅੱਗ ਤੋਂ ਬਾਹਰ ਨਿਕਲਣ ਦੀ ਯੋਜਨਾ ਹੋਣਾ ਮਹੱਤਵਪੂਰਣ ਹੈ।

- ਥੱਲੇ ਝੁਕ ਜਾਓ, ਅਤੇ ਧੂੰਏਂ ਤੋਂ ਪਰ੍ਹੇ ਰਹੋ।
- ਬਾਹਰ ਨਿਕਲਦੇ ਸਮੇਂ ਲੋਕਾਂ ਨੂੰ ਸਾਵਧਾਨ ਕਰੋ।
- ਜੇਕਰ ਇਸ ਤਰ੍ਹਾਂ ਕਰਨਾ ਸੁਰੱਖਿਅਤ ਹੈ ਤਾਂ ਬਾਹਰ ਨਿਕਲਦੇ ਸਮੇਂ ਦਰਵਾਜ਼ੇ ਬੰਦ ਕਰ ਦਿਓ।
- ਬਾਹਰ ਨਿਕਲੋ ਅਤੇ ਬਾਹਰ ਰਹੋ।
- ਘਰ ਦੇ ਬਾਹਰ ਇਕ ਸੁਰੱਖਿਅਤ ਜਗ੍ਹਾ ਉਪਰ ਮਿਲੋ, ਜਿਵੇਂ ਕਿ ਚਿੱਠੀਆਂ ਵਾਲਾ ਡੱਬਾ ਜਾਂ ਫੁੱਟਪਾਥ।
- ਤਿੰਨ ਸਿਫ਼ਰ (000) ਨੂੰ ਫੋਨ ਕਰੋ ਅਤੇ ਅੱਗ ਵਾਸਤੇ ਕਹੋ।

ਯੋਜਨਾਬੱਧ ਤੇ ਅਭਿਆਸ ਕੀਤੀ ਘਰੇਲੂ ਅੱਗ ਤੋਂ ਬਾਹਰ ਨਿਕਲਣ ਦੀ ਯੋਜਨਾ ਤੁਹਾਡਾ ਜਿੰਦਗੀ ਬਚਾਅ ਸਕਦੀ ਹੈ, ਵੇਖੋ ਸਫਾ 19

ਇਹ ਯਕੀਨੀ ਬਣਾਓ ਕਿ ਤੁਹਾਡੇ ਘਰ ਦਾ ਨੰਬਰ ਗਲੀ ਵਿੱਚੋਂ ਸਾਫ਼ ਵਿਖਾਈ ਦਿੰਦਾ ਹੈ।

ਜੇਕਰ ਤੁਸੀਂ ਉੱਚੀ ਇਮਾਰਤ ਵਿੱਚ ਰਹਿੰਦੇ ਹੋ, ਪਤਾ ਲਗਾਓ ਕਿ ਬਾਹਰ ਨਿਕਲਣ ਦੇ ਰਸਤੇ ਕਿੱਥੇ ਹਨ ਅਤੇ ਹਮੇਸ਼ਾ ਪੌੜੀਆਂ ਨੂੰ ਵਰਤੋ।

ਜੇਕਰ ਤੁਸੀਂ ਬਾਹਰ ਨਹੀਂ ਨਿਕਲ ਸਕਦੇ ...

- ਜੇਕਰ ਸੁਰੱਖਿਅਤ ਹੋਵੇ, ਅੱਗ ਲੱਗੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿਓ।
- ਧੂੰਏਂ ਅਤੇ ਅੱਗ ਤੋਂ ਜਿੰਨ੍ਹਾਂ ਵੀ ਸੰਭਵ ਹੋ ਸਕੇ ਦੂਰ ਚਲੇ ਜਾਓ।
- ਤਿੰਨ ਸਿਫ਼ਰ (000) ਨੂੰ ਫੋਨ ਕਰੋ, ਅੱਗ ਵਾਸਤੇ ਕਹੋ ਅਤੇ ਦੱਸੋ ਕਿ ਤੁਹਾਨੂੰ ਬਾਹਰ ਨਿਕਲਣ ਲਈ ਸਹਾਇਤਾ ਚਾਹੀਦੀ ਹੈ – ਫੋਨ ਬੰਦ ਨਾ ਕਰੋ।



ਬਿਜਲੀ

ਬਿਜਲੀ ਵਾਲੀਆਂ ਅੱਗਾਂ ਘਰ ਵਿੱਚ ਲੱਗਣ ਵਾਲੀਆਂ ਅੱਗਾਂ ਦੀ ਆਮ ਕਿਸਮ ਹੈ।

ਬਿਜਲੀ ਸੁਰੱਖਿਆ ਵਾਸਤੇ ਵਧੇਰੇ ਜਾਣਕਾਰੀ ਲਈ ਅਨਰਜੀ ਸੇਫ਼ ਵਿਕਟੋਰੀਆ ਦੀ ਵੈਬਸਾਈਟ ਉਪਰ ਜਾਓ esv.vic.gov.au

- ਬਿਜਲੀ ਦੇ ਸਾਰੇ ਯੰਤਰਾਂ ਉਪਰ ਆਸਟ੍ਰੇਲੀਅਨ ਮਾਪਦੰਡ ਜਾਂ ਰੈਗੂਲੇਟਰੀ ਕੰਪਲਾਇੰਸ ਮਾਰਕ (ਆਰ ਸੀ ਐਮ) ਲੱਗਾ ਹੋਣਾ ਚਾਹੀਦਾ ਹੈ।
- ਯਕੀਨੀ ਬਣਾਓ ਕਿ ਬਿਜਲੀ ਦੇ ਬੋਰਡਾਂ ਵਿੱਚ ਸੀਮਾ ਤੋਂ ਜ਼ਿਆਦਾ ਬਚਾਅ ਲੱਗਾ ਹੋਵੇ ਅਤੇ ਇਹ ਢੱਕੇ ਨਾ ਹੋਣ, ਜਿਵੇਂ ਕਿ ਸਰਹਾਣਿਆਂ ਤੇ ਰਜਾਈਆਂ ਨਾਲ।

ਘਰ ਵਿੱਚ ਬਿਜਲੀ ਦੀਆਂ ਚੀਜ਼ਾਂ ਵਿੱਚ ਬਿਜਲੀ ਦੀ ਸਪਲਾਈ, ਗੱਡੀਆਂ ਹੋਈਆਂ ਚੀਜ਼ਾਂ, ਏਧਰ ਓਧਰ ਲਿਜਾ ਸਕਣ ਵਾਲੀਆਂ ਚੀਜ਼ਾਂ, ਬਿਜਲੀ ਦੇ ਬੋਰਡ ਅਤੇ ਵਧਾਉਣ ਵਾਲੀਆਂ ਤਾਰਾਂ ਸ਼ਾਮਲ ਹੋ ਸਕਦੀਆਂ ਹਨ।

ਬਿਜਲੀ ਦੀਆਂ ਚੀਜ਼ਾਂ ਅਤੇ ਯੰਤਰਾਂ ਦੇ ਆਲੇ ਦੁਆਲੇ ਹਵਾ ਨਿਕਲਣ ਲਈ ਕਾਫੀ ਜਗ੍ਹਾ ਰੱਖਣਾ ਅਤੇ ਉਹਨਾਂ ਦੇ ਦੁਆਲਿਓਂ ਜਾਂ ਉਪਰੋਂ ਕਿਸੇ ਚੀਜ਼ ਨੂੰ ਹਟਾ ਦੇਣਾ ਮਹੱਤਵਪੂਰਣ ਹੈ।

ਟੁੱਟੀਆਂ ਜਾਂ ਖਰਾਬ ਹੋਈਆਂ ਬਿਜਲੀ ਦੀਆਂ ਚੀਜ਼ਾਂ, ਤਾਰਾਂ ਜਾਂ ਉਪਕਰਣਾਂ ਨੂੰ ਠੀਕ ਕਰਨ ਵਾਸਤੇ ਸਿਰਫ਼ ਪ੍ਰਮਾਣਿਤ ਕਾਰੀਗਰਾਂ ਨੂੰ ਹੀ ਵਰਤੋ।

ਬਿਜਲੀ ਦੇ ਇਕ ਪਲੱਗ ਵਿੱਚ ਬਿਜਲੀ ਦਾ ਇਕ ਯੰਤਰ ਹੀ ਲਗਾਓ। ਬਿਜਲੀ ਦੇ ਬੋਰਡਾਂ ਉਪਰ ਵਾਧੂ ਜ਼ੋਰ ਨਾ ਪਾਓ। ਪਲੱਗਾਂ ਨੂੰ ਇਕ ਦੂਸਰੇ ਦੇ ਕੰਧਾੜੇ ਚੜ੍ਹਾ ਕੇ ਇਕ ਪਲੱਗ ਵਿੱਚ ਨਾ ਲਗਾਓ ਜਾਂ ਦੂਹਰੇ ਅਡਾਪਟਰ ਨਾ ਲਗਾਓ।

ਯਕੀਨੀ ਬਣਾਓ ਕਿ ਬਿਜਲੀ ਦੇ ਯੰਤਰ ਜਿਵੇਂ ਕਿ ਵਾਲ ਸੁਕਾਉਣ ਵਾਲੇ, ਵਾਲ ਸਿੱਧੇ ਕਰਨ ਵਾਲੇ ਅਤੇ ਲੈਪਟੌਪ ਕੰਪਿਊਟਰਾਂ ਨੂੰ ਉਹਨਾਂ ਸਤਿਹਾਂ ਉਪਰ ਨਾ ਰੱਖਿਆ ਜਾਵੇ ਜੋ ਸੜ ਸਕਦੀਆਂ ਹਨ।

ਸਿਰਫ਼ ਮਨਜ਼ੂਰਸ਼ੁਦਾ ਬੈਟਰੀ ਚਾਰਜ਼ ਕਰਨ ਵਾਲੇ ਯੰਤਰ ਹੀ ਵਰਤੋ। ਚੀਜ਼ਾਂ ਨੂੰ ਉਹਨਾਂ ਸਤਿਹਾਂ ਉਪਰ ਚਾਰਜ਼ ਕਰੋ ਜੋ ਸੜਦੀਆਂ ਨਹੀਂ ਹਨ ਅਤੇ ਜਦੋਂ ਵੀ ਉਹ ਚਾਰਜ਼ ਹੋ ਜਾਂਦੇ ਹਨ ਤਾਂ ਪਲੱਗ ਤੋਂ ਬਾਹਰ ਕੱਢ ਲਵੋ।

ਕੱਪੜੇ ਸੁਕਾਉਣ ਵਾਲੀ ਮਸ਼ੀਨ ਨੂੰ ਬੰਦ ਕਰਨ ਤੋਂ ਪਹਿਲਾਂ ਹਮੇਸ਼ਾਂ ਠੰਢਾ ਸਾਈਕਲ ਪੂਰਾ ਕਰ ਲੈਣ ਦਿਓ। ਹਰੇਕ ਵਾਰੀ ਵਰਤਣ ਤੋਂ ਪਹਿਲਾਂ ਲੂੰਏਂ ਵਾਲੀ ਛਾਨਣੀ ਨੂੰ ਸਾਫ਼ ਕਰੋ।

ਰਸੋਈ ਅਤੇ ਖਾਣਾ ਬਨਾਉਣਾ

ਘਰ ਵਿੱਚ ਰਸੋਈ ਉਹ ਜਗ੍ਹਾ ਹੈ ਜਿੱਥੇ ਸਭ ਤੋਂ ਜ਼ਿਆਦਾ ਅੱਗਾਂ ਲੱਗਦੀਆਂ ਹਨ।

! ਖਾਣਾ ਬਣਾਉਂਦੇ ਸਮੇਂ ਇਸ ਨੂੰ ਇਕੱਲਾ ਛੱਡ ਦੇਣਾ ਰਸੋਈ ਵਿੱਚ ਅੱਗਾਂ ਲੱਗਣ ਦਾ ਸਭ ਤੋਂ ਵੱਡਾ ਕਾਰਣ ਹੈ, ਇਸ ਲਈ ਯਕੀਨੀ ਬਣਾਓ ਕਿ ਤੁਸੀਂ ਖਾਣਾ ਬਣਾਉਂਦੇ ਸਮੇਂ ਇਸ ਉਪਰ ਧਿਆਨ ਰੱਖੋ।



ਜਦੋਂ ਖਾਣਾ ਬਣਾਓ ਤਾਂ ਧਿਆਨ ਰੱਖੋ

- ਘਰੋਂ ਬਾਹਰ ਜਾਣ ਜਾਂ ਸੌਣ ਜਾਣ ਤੋਂ ਪਹਿਲਾਂ ਜਾਂਚੋ ਕਿ ਚੁੱਲ੍ਹਾ, ਖਾਣਾ ਬਨਾਉਣ ਵਾਲਾ, ਤੰਦੂਰ ਅਤੇ ਸੇਕ ਵਾਲੀਆਂ ਹੋਰ ਚੀਜ਼ਾਂ ਬੰਦ ਹਨ।
- ਤੇਲ ਜਾਂ ਗਰੀਸ ਵਾਲੀ ਅੱਗ ਨੂੰ ਬੁਝਾਉਣ ਲਈ ਕਦੇ ਵੀ ਪਾਣੀ ਨਾ ਵਰਤੋ।
- ਰਸੋਈ ਵਿੱਚ ਬੱਚਿਆਂ ਦਾ ਹਮੇਸ਼ਾਂ ਧਿਆਨ ਰੱਖੋ।

ਜਿਹੜੀਆਂ ਚੀਜ਼ਾਂ ਸੜ ਸਕਦੀਆਂ ਹਨ ਉਹਨਾਂ ਨੂੰ ਖਾਣਾ ਬਨਾਉਣ ਜਾਂ ਸੇਕ ਵਾਲੇ ਸਰੋਤਾਂ ਤੋਂ ਘੱਟੋ ਘੱਟ 1 ਮੀਟਰ ਦੂਰ ਰੱਖੋ।

ਹਰੇਕ ਰਸੋਈ ਵਿੱਚ ਅੱਗ ਬੁਝਾਉਣ ਵਾਲਾ ਯੰਤਰ ਅਤੇ ਅੱਗ ਵਾਲਾ ਕੰਬਲ ਹੋਣਾ ਜ਼ਰੂਰੀ ਹੈ। ਸਿਰਫ਼ ਉਦੋਂ ਵਰਤੋ ਜੇ ਤੁਹਾਨੂੰ ਲੱਗਦਾ ਹੈ ਕਿ ਇਹ ਸੁਰੱਖਿਅਤ ਹੈ।

ਖਾਣਾ ਬਨਾਉਣ ਵਾਲੇ, ਭੁੰਨਣ ਵਾਲੇ, ਤੰਦੂਰ, ਧੂੰਆਂ ਬਾਹਰ ਕੱਢਣ ਵਾਲੇ ਅਤੇ ਖਾਣਾ ਬਨਾਉਣ ਵਾਲੇ ਖੇਤਰਾਂ ਉਪਰ ਗਰੀਸ ਤੇ ਤੇਲ ਨਾ ਜੰਮਣ ਦਿਓ।

ਸੇਕ (ਗਰਮੀ)

ਖਾਸ ਤੌਰ ਤੇ ਸਰਦੀ ਦੇ ਮਹੀਨਿਆਂ ਵਿੱਚ ਹੀਟਰ ਅੱਗਾਂ ਦਾ ਇਕ ਮੁੱਖ ਕਾਰਣ ਹਨ।

ਵਧੇਰੇ ਜਾਣਕਾਰੀ ਲਈ ਅਨਰਜੀ ਸੇਫ਼ ਵਿਕਟੋਰੀਆ ਦੇ ਵੈਬਸਾਈਟ ਉਪਰ ਜਾਓ esv.vic.gov.au

- ਯਕੀਨੀ ਬਣਾਓ ਕਿ ਧੂੰਆਂ ਕੱਢਣ ਵਾਲੇ ਤੇ ਚਿਮਨੀਆਂ ਸਮੇਤ ਘਰੇਲੂ ਹੀਟਿੰਗ ਨੂੰ ਬਾਕਾਇਦਾ ਇਕ ਪ੍ਰਮਾਣਿਤ ਮਿਸਤਰੀ ਦੁਆਰਾ ਸਾਫ਼ ਤੇ ਸਰਵਿਸ ਕੀਤਾ ਜਾਂਦਾ ਹੈ।
- ਘਰੋਂ ਬਾਹਰ ਜਾਣ ਜਾਂ ਸੌਣ ਜਾਣ ਤੋਂ ਪਹਿਲਾਂ ਸਾਰੀ ਹੀਟਿੰਗ ਬੰਦ ਕਰ ਦਿਓ ਅਤੇ ਖੁੱਲ੍ਹੀਆਂ ਬਲਦੀਆਂ ਅੱਗਾਂ ਨੂੰ ਬੁਝਾ ਦਿਓ।

ਜਿਹੜੀਆਂ ਚੀਜ਼ਾਂ ਸੜ ਸਕਦੀਆਂ ਹਨ ਉਹਨਾਂ ਨੂੰ ਸੇਕ ਵਾਲੇ ਸਾਰੇ ਸਰੋਤਾਂ ਤੋਂ ਘੱਟੋ ਘੱਟ 1 ਮੀਟਰ ਦੂਰ ਰੱਖੋ।

ਚੰਗਿਆੜਿਆਂ ਨੂੰ ਸੁੱਟਣ ਤੋਂ ਪਹਿਲਾਂ ਜਾਂਚੋ ਕਿ ਉਹ ਠੰਢੇ ਹੋ ਗਏ ਹਨ।

ਹੀਟਰਾਂ ਅਤੇ ਖੁੱਲ੍ਹੀਆਂ ਬਲਦੀਆਂ ਅੱਗਾਂ ਦੇ ਲਾਗੇ ਬੱਚਿਆਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

ਸਿਗਰਟਾਂ ਅਤੇ ਖੁੱਲ੍ਹੀਆਂ ਬਲਦੀਆਂ ਅੱਗਾਂ

ਸਿਗਰਟਾਂ, ਮੋਮਬੱਤੀਆਂ, ਅਗਰਬੱਤੀ ਅਤੇ ਤੇਲ ਵਾਲੇ ਦੀਵੇ ਅੱਗ ਦਾ ਕਾਰਣ ਬਣ ਸਕਦੇ ਹਨ। ਘਰੋਂ ਬਾਹਰ ਜਾਣ ਜਾਂ ਸੌਣ ਜਾਣ ਤੋਂ ਪਹਿਲਾਂ ਖੁੱਲ੍ਹੀ ਬਲਦੀ ਅੱਗ ਜਾਂ ਸਿਗਰਟ ਨੂੰ ਹਮੇਸ਼ਾਂ ਬੁਝਾ ਦਿਓ।

! ਮੋਮਬੱਤੀਆਂ, ਅਗਰਬੱਤੀ ਅਤੇ ਤੇਲ ਵਾਲੇ ਦੀਵਿਆਂ ਨੂੰ ਸਿਰਫ਼ ਸਥਿਰ ਸਤਿਹਾਂ ਉਪਰ ਹੀ ਵਰਤੋ ਜੋ ਕਿ ਸੜਦੀਆਂ ਨਹੀਂ ਹਨ।



ਬੁਝਾ ਦਿਓ, ਬਿਲਕੁਲ ਨਾ ਸੁੱਟੋ

- ਬਿਸਤਰੇ ਵਿੱਚ ਸਿਗਰਟ ਨਾ ਪੀਓ। ਬਿਸਤਰੇ ਵਿੱਚ ਸਿਗਰਟ ਪੀਣਾ ਅੱਗ ਨਾਲ ਸਬੰਧਿਤ ਮੌਤਾਂ ਦੇ ਕਾਰਣਾਂ ਵਿੱਚੋਂ ਇਕ ਹੈ।
- ਖੁੱਲ੍ਹੀਆਂ ਅੱਗਾਂ ਦਾ ਹਮੇਸ਼ਾਂ ਧਿਆਨ ਰੱਖਣਾ ਚਾਹੀਦਾ ਹੈ।
- ਲਾਈਟਰਾਂ, ਮਾਚਿਸਾਂ, ਮੋਮਬੱਤੀਆਂ, ਅਗਰਬੱਤੀ ਅਤੇ ਤੇਲ ਵਾਲੇ ਦੀਵਿਆਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
- ਖੁੱਲ੍ਹੀ ਬਲਦੀ ਮੋਮਬੱਤੀ ਦੇ ਨਾਲੋਂ ਇਕ ਵਿਕਲਪ ਬਾਰੇ ਸੋਚੋ, ਜਿਵੇਂ ਕਿ ਬੈਟਰੀ ਨਾਲ ਚੱਲਣ ਵਾਲੀ ਮੋਮਬੱਤੀ।

ਸਿਗਰਟਾਂ ਨੂੰ ਭਾਰੀ, ਉੱਚੀ ਬੰਨੀਆਂ ਵਾਲੀ ਸੁਆਹ ਵਾਲੀ ਟਰੇਅ ਵਿੱਚ ਬੁਝਾ ਦਿਓ ਅਤੇ ਯਕੀਨੀ ਬਣਾਓ ਕਿ ਉਹਨਾਂ ਨੂੰ ਸੁੱਟਣ ਤੋਂ ਪਹਿਲਾਂ ਬੁਝਾ ਦਿੱਤਾ ਗਿਆ ਹੈ।

ਪਰਦਿਆਂ ਅਤੇ ਦੂਸਰੀਆਂ ਚੀਜ਼ਾਂ ਨੂੰ ਜਿੰਨ੍ਹਾਂ ਨੂੰ ਅੱਗ ਲੱਗ ਸਕਦੀ ਹੈ ਨੂੰ ਖੁੱਲ੍ਹੀਆਂ ਅੱਗਾਂ ਤੋਂ ਘੱਟੋ ਘੱਟ 1 ਮੀਟਰ ਦੂਰ ਰੱਖੋ।

! ਬੇਪਰਵਾਹੀ ਨਾਲ ਸੁੱਟੀਆਂ ਸਿਗਰਟਾਂ ਬਹੁ-ਮੰਜ਼ਲੀ ਇਮਾਰਤਾਂ ਵਿੱਚ ਵੱਡੀਆਂ ਅੱਗਾਂ ਦਾ ਕਾਰਣ ਬਣੀਆਂ ਹਨ।

ਬੁਝਾ ਦਿਓ, ਬਿਲਕੁਲ ਨਾ ਸੁੱਟੋ: ਜੇਕਰ ਤੁਸੀਂ ਬਹੁ ਮੰਜ਼ਲੀ ਇਮਾਰਤ ਵਿੱਚ ਰਹਿੰਦੇ ਹੋ।

ਘਰੋਂ ਬਾਹਰ

ਤੁਹਾਡੇ ਘਰ ਵਿੱਚ ਬਾਲਕੋਨੀ, ਵਿਹੜਾ, ਸ਼ੈੱਡ, ਗਰਾਜ ਜਾਂ ਡੈੱਕ ਹੋ ਸਕਦਾ ਹੈ। ਗੈਸ ਸਿਲੰਡਰਾਂ, ਪੈਟਰੋਲ ਦੇ ਡੱਬਿਆਂ ਅਤੇ ਦੂਸਰੇ ਰਸਾਇਣਾਂ ਵਰਗੀਆਂ ਚੀਜ਼ਾਂ ਦੀ ਮੌਜੂਦਗੀ ਵਿੱਚ ਅੱਗਾਂ ਤੇਜ਼ੀ ਨਾਲ ਵੱਧ ਸਕਦੀਆਂ ਹਨ।

ਯਕੀਨੀ ਬਣਾਓ ਕਿ ਬਾਰ-ਬੇ-ਕਿਊ ਦੀ ਗੈਸ ਦੀ ਨਾਲੀ ਖਰਾਬ ਨਹੀਂ ਹੋਈ ਹੈ, ਅਤੇ ਜੋੜ ਬਿਲਕੁਲ ਪੱਕੇ ਹਨ। ਸਾਬਣ ਵਾਲੇ ਪਾਣੀ ਨਾਲ ਰਿਸਣ ਨੂੰ ਜਾਂਚੋ।

ਆਪਣੇ ਬਾਰ-ਬੇ-ਕਿਊ ਦੀ ਥੱਲੇ ਵਾਲੀ ਟਰੇਅ ਦੇ ਸਮੇਤ ਜੰਮੀ ਹੋਈ ਗਰੀਸ ਅਤੇ ਚਰਬੀ ਨੂੰ ਬਾਕਾਇਦਾ ਸਾਫ਼ ਕਰੋ।

ਬਾਰ-ਬੇ-ਕਿਊਆਂ ਨੂੰ ਸਿਰਫ਼ ਬਾਹਰ ਹੀ ਵਰਤੋ ਅਤੇ ਕੰਧਾਂ ਤੇ ਵਾੜਾਂ ਤੋਂ ਘੱਟੋ ਘੱਟ 50 ਸੈਂਟੀਮੀਟਰ ਦੀ ਦੂਰੀ ਬਣਾਈ ਰੱਖੋ। ਬਣ ਰਹੇ ਖਾਣੇ ਨੂੰ ਕਦੇ ਵੀ ਇਕੱਲਾ ਨਾ ਛੱਡੋ।

ਆਪਣੇ ਰਸਾਇਣਾਂ ਨੂੰ ਸੁਰੱਖਿਅਤ ਤਰੀਕੇ ਨਾਲ ਸੰਭਾਲੋ

- ਆਪਣੇ ਸ਼ੈੱਡ ਜਾਂ ਗਰਾਜ ਵਿੱਚ, ਰਸਾਇਣਕ ਪਦਾਰਥਾਂ ਜਿਵੇਂ ਕਿ ਪੈਟਰੋਲ ਨੂੰ ਅੱਗ ਲੱਗਣ ਵਾਲੇ ਸਰੋਤਾਂ ਅਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਸੰਭਾਲ ਕੇ ਰੱਖੋ।
- ਜੇ ਤੁਹਾਨੂੰ ਉਹਨਾਂ ਦੀ ਹੋਰ ਲੋੜ ਨਹੀਂ ਹੈ, ਰਸਾਇਣਾਂ ਨੂੰ ਸਹੀ ਅਤੇ ਸੁਰੱਖਿਅਤ ਤਰੀਕੇ ਨਾਲ ਸੁੱਟੋ। ਵਧੇਰੇ ਜਾਣਕਾਰੀ ਲਈ ਇੱਥੇ ਜਾਓ sustainability.vic.gov.au/detoxyourhome

ਅੱਗ ਤੋਂ ਸੁਰੱਖਿਆ ਦੀ ਜਾਂਚ ਸੂਚੀ ☑

- ਚੱਲਦੀ ਹਾਲਤ ਵਾਲੇ ਧੂੰਏਂ ਵਾਲੇ ਅਲਾਰਮ ਲਗਾਓ ਅਤੇ ਉਹਨਾਂ ਦੀ ਬਾਕਾਇਦਾ ਜਾਂਚ ਕਰੋ।
- ਘਰੇਲੂ ਅੱਗ ਤੋਂ ਬੱਚ ਕੇ ਨਿਕਲਣ ਦੀ ਯੋਜਨਾ ਬਣਾਓ ਅਤੇ ਇਸ ਦਾ ਅਭਿਆਸ ਕਰੋ।
- ਜਦੋਂ ਖਾਣਾ ਬਣਾਓ ਤਾਂ ਧਿਆਨ ਰੱਖੋ।
- ਬਿਜਲੀ ਦੇ ਇਕ ਬੋਰਡ ਵਿੱਚ ਬਿਜਲੀ ਦਾ ਇਕ ਯੰਤਰ ਹੀ ਲਗਾਓ (ਦੂਹਰੇ ਅਡਾਪਟਰ ਨਾ ਲਗਾਓ)।
- ਆਪਣੇ ਬਾਹਰ ਨਿਕਲਣ ਦੇ ਰਸਤੇ ਸਾਫ਼ ਰੱਖੋ।
- ਜਿਹੜੀਆਂ ਚੀਜ਼ਾਂ ਸੜ ਸਕਦੀਆਂ ਹਨ ਉਹਨਾਂ ਨੂੰ ਸੇਕ ਵਾਲੇ ਸਰੋਤਾਂ ਤੋਂ ਘੱਟੋ ਘੱਟ 1 ਮੀਟਰ ਦੂਰ ਰੱਖੋ।
- ਲਾਈਟਰਾਂ, ਮਾਚਿਸਾਂ, ਮੋਮਬੱਤੀਆਂ, ਅਗਰਬੱਤੀ, ਤੇਲ ਵਾਲੇ ਦੀਵਿਆਂ ਅਤੇ ਸਿਗਰਟਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
- ਰਸਾਇਣਕ ਪਦਾਰਥਾਂ ਨੂੰ ਅੱਗ ਲੱਗਣ ਵਾਲੇ ਸਰੋਤਾਂ ਅਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਸੰਭਾਲ ਕੇ ਰੱਖੋ।
- ਜਦੋਂ ਤੁਸੀਂ ਘਰ ਦੇ ਅੰਦਰ ਹੋਵੋ ਤਾਂ ਤਾਲਾ ਲੱਗੇ ਦਰਵਾਜ਼ਿਆਂ ਅਤੇ ਸੁਰੱਖਿਆ ਸਕਰੀਨਾਂ ਵਿੱਚ ਚਾਬੀਆਂ ਨੂੰ ਰਹਿਣ ਦੇਵੋ ਤਾਂ ਜੋ ਜੇ ਅੱਗ ਲੱਗ ਜਾਵੇ ਤਾਂ ਤੁਸੀਂ ਬਾਹਰ ਨਿਕਲ ਸਕੋ।





! ਘਰੇਲੂ ਅੱਗ ਤੋਂ ਬਾਹਰ ਨਿਕਲਣ ਦੀ ਯੋਜਨਾ ਹੋਣਾ ਮਹੱਤਵਪੂਰਣ ਹੈ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਸੰਕਟਮਈ ਸਥਿੱਤੀ ਵਿੱਚ ਆਪਣੇ ਘਰ ਤੋਂ ਜਲਦੀ ਬਾਹਰ ਕਿਵੇਂ ਨਿਕਲਣਾ ਹੈ।

ਤੁਹਾਡਾ ਪਤਾ

....

....

....

ਮਿਲਣ ਵਾਲੀ ਸੁਰੱਖਿਅਤ ਜਗ੍ਹਾ

....

....

....

ਆਪਣੀ ਬਾਹਰ ਨਿਕਲਣ ਦੀ ਯੋਜਨਾ ਬਣਾਓ।
ਇਹਨਾਂ ਮਹੱਤਵਪੂਰਣ ਨੁਕਤਿਆਂ ਨੂੰ ਯਾਦ ਰੱਖੋ:

- ਹਰੇਕ ਕਮਰੇ ਵਿੱਚੋਂ ਬਾਹਰ ਨਿਕਲਣ ਦੇ ਦੋ ਰਸਤੇ ਪਤਾ ਕਰੋ।
- ਅੱਗ ਅਤੇ ਧੂੰਏਂ ਨੂੰ ਫੈਲਣ ਤੋਂ ਬਚਾਉਣ ਲਈ ਦਰਵਾਜ਼ੇ ਨੂੰ ਬੰਦ ਕਰੋ।
- ਧੂੰਏਂ ਵਿੱਚ ਨੀਵੇਂ ਹੋ ਕੇ ਰਿੜ੍ਹ ਕੇ ਚੱਲੋ।
- ਬਾਹਰ ਨਿਕਲੋ। ਦੂਸਰਿਆਂ ਨੂੰ ਸਾਵਧਾਨ ਕਰੋ।
- ਜਦੋਂ ਬਾਹਰ ਆ ਜਾਓ, ਬਾਹਰ ਹੀ ਰਹੋ। ਕਦੇ ਵੀ ਵਾਪਸ ਅੰਦਰ ਨਾ ਜਾਓ!
- ਘਰ ਦੇ ਬਾਹਰ ਇਕ ਸਾਂਝੀ ਮਿਲਣ ਵਾਲੀ ਜਗ੍ਹਾ ਉਪਰ ਮਿਲੋ; ਜਿਵੇਂ ਕਿ ਚਿੱਠੀਆਂ ਵਾਲਾ ਡੱਬਾ। ਅੱਗ ਬੁਝਾਉਣ ਵਾਲਿਆਂ ਦੇ ਆਉਣ ਤੱਕ ਇੰਤਜ਼ਾਰ ਕਰੋ।
- ਨੇੜਲੇ ਉਪਲਬਧ ਫੋਨ: ਜਿਵੇਂ ਕਿ ਗੁਆਂਢੀਆਂ ਦੇ ਘਰੋਂ ਤਿੰਨ ਸਿਫ਼ਰ (000) ਨੂੰ ਫੋਨ ਕਰੋ।

ਘਰੇਲੂ ਅੱਗ ਤੋਂ ਬੱਚ ਕੇ ਨਿਕਲਣ ਦੀ ਯੋਜਨਾ ਦੀ ਉਦਾਹਰਣ

ਵਧੇਰੇ ਜਾਣਕਾਰੀ

ਹੋਰ ਜਾਣਕਾਰੀ ਲਈ, ਹੇਠ ਲਿਖੀਆਂ ਵੈਬਸਾਈਟਾਂ ਉਪਰ ਜਾਓ:

ਅੱਗ ਬੁਝਾਉਣ ਵਾਲੀਆਂ ਸੇਵਾਵਾਂ

ਫਾਇਰ ਰੈਸਕਿਊ ਵਿਕਟੋਰੀਆ (FRV)
frv.vic.gov.au

ਕੰਟਰੀ ਫਾਇਰ ਅਥਾਰਿਟੀ (ਸੀ ਐਫ ਏ)
cfa.vic.gov.au

ਦੂਸਰੀਆਂ ਵੈਬਸਾਈਟਾਂ

ਅਨਰਜੀ ਸੇਫ਼ ਵਿਕਟੋਰੀਆ (ਈ ਐਸ ਵੀ)
esv.vic.gov.au

ਟਰਾਂਸਲੇਟਿੰਗ ਐਂਡ ਇੰਟਰਪਰੇਟਿੰਗ ਸਰਵਿਸ (ਟੀ ਆਈ ਐਸ)
www.tisnational.gov.au/en/Non-English-speakers/Help-using-TIS-National-services/Immediate-telephone-interpreting-for-non-English-speakers

ਵਿਕਐਮਰਜੇਂਸੀ
emergency.vic.gov.au

ਐਕਸਪਰੈਸ਼ਨ ਆਸਟ੍ਰੇਲੀਆ
expression.com.au

ਪਰਿਵਾਰਾਂ, ਨਿਰਪੱਖਤਾ ਅਤੇ ਰਿਹਾਇਸ਼ ਦਾ ਵਿਭਾਗ
dffh.vic.gov.au

ਕਿਡਜ਼ਸੇਫ਼ ਵਿਕਟੋਰੀਆ
kidsafevic.com.au

ਐਮਰਜੇਂਸੀ ਮੈਨੇਜਮੈਂਟ ਵਿਕਟੋਰੀਆ (ਈ ਐਮ ਵੀ)
emv.vic.gov.au

ਸਸਟੇਨਬਿਲਟੀ ਵਿਕਟੋਰੀਆ
sustainability.vic.gov.au

ਵਿਕਟੋਰੀਅਨ ਬਿਲਡਿੰਗ ਅਥਾਰਿਟੀ
vba.vic.gov.au



FIRE RESCUE VICTORIA CFA